| ਜਗ ਬਾਣੀ INTERVIEW | prime video ਵੈੱਬ ਸੀਰੀਜ਼ > ਮਾਂ ਕਾ ਸਮ |

ਮਾਵਾਂ ਦੀ ਵੀ ਆਪਣੀ ਜ਼ਿੰਦਗੀ, ਸੁਪਨੇ ਅਤੇ ਇੱਛਾਵਾਂ ਹੁੰਦੀਆਂ ਹਨ, ਉਨ੍ਹਾਂ ਨੂੰ ਵੀ ਦੂਜਾ ਮੌਕਾ ਮਿਲਣਾ ਚਾਹੀਦਾ : ਮੋਨਾ ਸਿੰਘ

ਪ੍ਰਾਈਮ ਵੀਡੀਓ 'ਤੇ ਮਾਂ-ਪੁੱਤ ਦੇ ਰਿਸ਼ਤੇ ਦੀ ਇਕ ਖ਼ਾਸ ਅਤੇ ਭਾਵੁਕ ਕਹਾਣੀ ਮਾਂ ਕਾ ਸਮ ਚਰਚਾ ਵਿਚ ਹੈ। ਸੀਰੀਜ਼ ਦਾ ਨਾਂ ਥੋੜ੍ਹਾ ਵੱਖਰਾ ਹੈ ਕਿਉਂਕਿ ਕਹਾਣੀ ਵਿਚ ਮਾਂ-ਪੁੱਤ ਦੇ ਰਿਸ਼ਤੇ ਨੂੰ ਇਕ ਅਨੋਖੇ ਅਤੇ ਨਵੇਂ ਤਰੀਕੇ ਨਾਲ ਦਿਖਾਇਆ ਗਿਆ ਹੈ। ਨਾਲ ਹੀ ਮੈਥਸ ਦੀ ਇਕੁਏਸ਼ਨ ਵਾਲਾ ਇਕ ਨਵਾਂ ਟੱਚ ਦਿੱਤਾ ਗਿਆ ਹੈ। ਸੀਰੀਜ਼ ਵਿਚ ਮੋਨਾ ਸਿੰਘ, ਮਿਹਿਰ ਆਹੂਜਾ, ਅੰਗਿਰਾ ਧਰ ਅਤੇ ਰਣਵੀਰ ਬਰਾੜ ਵਰਗੇ ਸਿਤਾਰੇ ਨਜ਼ਰ ਆ ਰਹੇ ਹਨ। ਸੀਰੀਜ਼ ਬਾਰੇ ਮੋਨਾ ਸਿੰਘ ਅਤੇ ਮਿਹਿਰ ਆਹੂਜਾ ਨੇ ਪੰਜਾਬ ਕੇਸਰੀ/ ਨਵੋਦਿਆ ਟਾਈਮਜ਼/ ਜਗਬਾਣੀ/ ਹਿੰਦ ਸਮਾਚਾਰ ਨਾਲ ਖ਼ਾਸ ਗੱਲਬਾਤ ਕੀਤੀ ਅਤੇ ਦਿਲਚਸਪ ਗੱਲਾਂ ਸਾਂਝੀਆਂ ਕੀਤੀਆਂ...

ਮੈਥਸ ਨਾਲ ਜੋੜਨਾ ਇਸ ਨੂੰ ਹੋਰ ਖ਼ਾਸ ਬਣਾਉਂਦਾ ਹੈ

Q ਮਾਂ ਕਾ ਸਮ ਵਰਗਾ ਵੱਖਰਾ ਅਤੇ ਕੈਚੀ ਟਾਈਟਲ ਸੁਣ ਕੇ ਤੁਹਾਡਾ ਪਹਿਲਾ ਰਿਐਕਸ਼ਨ ਕੀ ਸੀ ?

■ **ਮਿਹਿਰ ਆਹੂਜਾ :** ਜਦੋਂ ਮੈਂ ਪਹਿਲੀ ਵਾਰ ਇਹ ਨਾਂ ਸੁਣਿਆ ਤਾਂ ਮੈਨੂੰ ਲੱਗਿਆ ਕਿ ਇਹ ਬਹੁਤ ਨਵਾਂ ਅਤੇ ਵੱਖਰਾ ਹੈ। ਐਮੇਜ਼ਾਨ ਦੀ ਮਾਰਕੀਟਿੰਗ ਟੀਮ ਨੇ ਇਹ ਨਾਂ ਸੋਚਿਆ ਅਤੇ ਸੱਚਮੁੱਚ ਇਹ ਬਹੁਤ ਦਿਲਚਸਪ ਹੈ। ਮੈਂ ਅੱਜ ਵੀ ਲੋਕਾਂ ਨੂੰ ਸਮਝਾਉਂਦਾ ਹਾਂ ਕਿ ਇਹ ਮਾਂ ਕਸਮ ਹੈ ਪਰ ਇਸ ਵਿਚ ਸਮ ਭਾਵ ਮੈਥਸ ਦਾ ਟਵਿਸਟ ਵੀ ਹੈ।

■ **ਮੋਨਾ ਸਿੰਘ :** ਮੈਨੂੰ ਵੀ ਇਹ ਨਾਂ ਬਹੁਤ ਪਸੰਦ ਆਇਆ। ਭਾਰਤ ਵਿਚ ਮਾਂ ਕਸਮ ਤਾਂ ਵੈਸੇ ਹੀ ਬਹੁਤ ਬੋਲਿਆ ਜਾਂਦਾ ਹੈ ਪਰ ਇੱਥੇ ਇਸ ਨੂੰ ਮੈਥਸ ਨਾਲ ਜੋੜਨਾ ਇਸ ਨੂੰ ਹੋਰ ਖ਼ਾਸ ਬਣਾਉਂਦਾ ਹੈ। ਸ਼ੋਅ ਵਿਚ ਇਮੋਸ਼ਨ, ਕਾਮੇਡੀ, ਗਰਮਾਹਟ ਅਤੇ ਇਕਦਮ ਨਵਾਂ ਕੰਸੈਪਟ ਹੈ, ਜਿੱਥੇ ਬੇਟਾ ਆਪਣੀ ਮਾਂ ਲਈ ਇਕ ਪ੍ਰਫੈਕਟ ਐਲਗੋਰਿਦਮ ਬਣਾਉਂਦਾ ਹੈ।

ਮਿਹਿਰ ਆਹੂਜਾ

ਮੋਨਾ ਸਿੰਘ

ਕਿਰਦਾਰ ਮੈਥ ਦੇ ਜੀਨੀਅਸ ਦਾ ਹੈ ਪਰ ਮੈਂ ਐਕਸਪਰਟ ਨਹੀਂ ਹਾਂ, ਸੈੱਟ 'ਤੇ ਆਈ.ਆਈ.ਟੀਅਨਜ਼ ਦੇ ਵਿਦਿਆਰਥੀ ਸਾਨੂੰ ਗਾਈਡ ਕਰਦੇ ਸਨ

Q ਸ਼ੋਅ ਵਿਚ ਮੈਥ ਦਾ ਐਂਗਲ ਕਾਫ਼ੀ ਵੱਖਰਾ ਹੈ, ਕੀ ਤੁਹਾਨੂੰ ਇਸ ਵਿਚ ਕੋਈ ਮੁਸ਼ਕਿਲ ਆਈ ?

■ ਮੇਰਾ ਕਿਰਦਾਰ ਤਾਂ ਮੈਥ ਦਾ ਜੀਨੀਅਸ ਹੈ ਪਰ ਮੈਂ ਖੁਦ ਓਨਾ ਐਕਸਪਰਟ ਨਹੀਂ ਹਾਂ। ਸਕੂਲ ਵਿਚ ਠੀਕ-ਠਾਕ ਨੰਬਰ ਆ ਜਾਂਦੇ ਸਨ ਪਰ ਸ਼ੋਅ ਵਿਚ ਜੋ ਐਲਗੋਰਿਦਮ ਦਿਖਾਏ ਗਏ ਹਨ, ਉਹ ਅਸਲੀ ਹਨ। ਸੈੱਟ 'ਤੇ ਆਈ.ਆਈ.ਟੀਅਨਜ਼ ਦੇ ਮਾਹਿਰ ਸਨ ਜੋ ਸਾਨੂੰ ਗਾਈਡ ਕਰਦੇ ਸਨ ਤਾਂ ਜੋ ਅਸੀਂ ਸਕ੍ਰੀਨ 'ਤੇ ਆਥੈਂਟਿਕ ਲੱਗੀਏ।

Q ਆਪਣੇ ਕਰੀਅਰ ਨੂੰ ਲੈ ਕੇ ਕੀ ਤੁਸੀਂ ਸੰਤੁਸ਼ਟ ਹੋ ?

■ ਕੰਮ ਤੋਂ ਖੁਸ਼ ਹਾਂ, ਪਰ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ। ਮੈਨੂੰ ਲੱਗਦਾ ਹੈ ਕਿ ਇਹ ਭੁੱਖ ਹੀ ਮੈਨੂੰ ਅੱਗੇ ਵਧਣ ਦੀ ਤਾਕਤ ਦਿੰਦੀ ਹੈ। ਮੈਂ ਗ੍ਰੇਟਫੁਲ ਹਾਂ ਅਤੇ ਆਪਣੇ ਕੰਮ 'ਤੇ ਭਰੋਸਾ ਰੱਖਦਾ ਹਾਂ। ਸੰਤੁਸ਼ਟੀ ਦੀ ਗੱਲ ਕਰੀਏ ਤਾਂ ਸ਼ਾਇਦ ਉਹ ਮੈਨੂੰ ਕਦੇ ਹੋਵੇਗੀ ਹੀ ਨਹੀਂ।

Q ਇਸ ਸ਼ੋਅ ਵਿਚ ਤੁਹਾਡੇ ਕਿਰਦਾਰ ਦੀਆਂ ਪਰਤਾਂ ਕਾਫ਼ੀ ਡੂੰਘੀਆਂ ਹਨ, ਤੁਸੀਂ ਇਸ ਨੂੰ ਕਿਵੇਂ ਸੰਭਾਲਿਆ ?

■ ਇਹ ਸਭ ਚੰਗੀ ਰਾਈਟਿੰਗ ਦੀ ਵਜ੍ਹਾ ਕਰ ਕੇ ਆਸਾਨ ਹੋ ਜਾਂਦਾ ਹੈ। ਡਾਇਰੈਕਟਰ ਨਿਕੋਲਸ ਨੇ ਸਾਨੂੰ ਕਾਫ਼ੀ ਫ੍ਰੀਡਮ ਦਿੱਤੀ। ਅਸੀਂ ਆਪਣੇ ਡਾਇਲਾਗਸ ਵਿਚ ਬਦਲਾਅ ਕਰ ਸਕਦੇ ਸੀ, ਜਿਸ ਨਾਲ ਕਿਰਦਾਰ ਹੋਰ ਸੁਭਾਵਿਕ ਲੱਗੇ। ਇਹ ਤਰੀਕਾ ਇਕ ਐਕਟਰ ਨੂੰ ਆਪਣੇ ਅਨੁਸਾਰ ਕਿਰਦਾਰ ਨਿਭਾਉਣ ਦੀ ਆਜ਼ਾਦੀ ਦਿੰਦਾ ਹੈ, ਜਿਸ ਵਿਚ ਹੋਰ ਮਜ਼ਾ ਆਉਂਦਾ ਹੈ।

ਜੈਨ-ਜ਼ੈੱਡ ਤੋਂ ਸਿੱਖਣ ਨੂੰ ਵੀ ਮਿਲਦਾ ਹੈ ਤੇ ਉਨ੍ਹਾਂ ਨੂੰ ਸਿਖਾਉਣ ਨੂੰ ਵੀ

Q ਸ਼ੂਟਿੰਗ ਦੀਆਂ ਕਿਹੜੀਆਂ ਯਾਦਾਂ ਸਭ ਤੋਂ ਖ਼ਾਸ ਰਹੀਆਂ ?

■ ਅਸੀਂ ਦਿੱਲੀ ਵਿਚ ਸ਼ੂਟ ਕੀਤਾ ਅਤੇ ਬਹੁਤ ਮਜ਼ਾ ਆਇਆ। ਗਰਮੀ ਜ਼ਰੂਰ ਸੀ ਪਰ ਅਸੀਂ ਖਾਨ ਮਾਰਕੀਟ, ਹੌਜ਼ ਖਾਸ ਵਰਗੀਆਂ ਥਾਵਾਂ 'ਤੇ ਘੁੰਮਣਾ-ਫਿਰਨਾ ਅਤੇ ਖਾਣਾ ਖੂਬ ਇੰਜੋਏ ਕੀਤਾ। ਦਿੱਲੀ ਦੀ ਫੀਲ, ਉੱਥੋਂ ਦੇ ਲੋਕ ਅਤੇ ਖਾਣਾ ਸਭ ਬਹੁਤ ਸ਼ਾਨਦਾਰ ਸੀ।

Q ਅੱਜ ਦੀ ਜੈਨ-ਜ਼ੈੱਡ ਬਾਰੇ ਤੁਹਾਡੀ ਕੀ ਰਾਏ ਹੈ ?

■ ਜੈਨ-ਜ਼ੈੱਡ ਬਹੁਤ ਕਲੀਅਰ ਹੈ ਕਿ ਉਨ੍ਹਾਂ ਨੂੰ ਕੀ ਚਾਹੀਦਾ ਹੈ ਅਤੇ ਕੀ ਨਹੀਂ। ਇਹ ਚੀਜ਼ ਸਾਡੇ ਸਮੇਂ ਵਿਚ ਨਹੀਂ ਸੀ। ਉਨ੍ਹਾਂ ਤੋਂ ਬਹੁਤ ਕੁਝ ਸਿੱਖਣ ਨੂੰ ਵੀ ਮਿਲਦਾ ਹੈ ਅਤੇ ਉਨ੍ਹਾਂ ਨੂੰ ਸਿਖਾਉਣ ਦਾ ਮੌਕਾ ਵੀ ਮਿਲਦਾ ਹੈ। ਸਾਨੂੰ ਚੀਜ਼ਾਂ ਬਾਰੇ ਓਨੀ ਜਾਣਕਾਰੀ ਨਹੀਂ ਹੁੰਦੀ ਸੀ ਪਰ ਇਹ ਪੀੜ੍ਹੀ ਕਾਫ਼ੀ ਸਮਾਰਟ ਹੈ, ਇਸ ਲਈ ਮੈਨੂੰ ਲੱਗਦਾ ਹੈ ਕਿ ਇਹ ਸ਼ੋਅ ਬਿਲਕੁਲ ਸਹੀ ਸਮੇਂ 'ਤੇ ਆ ਰਿਹਾ ਹੈ।

Q ਤੁਹਾਡੇ ਕਰੀਅਰ ਵਿਚ ਇਹ ਫੇਜ਼ ਕਿਸ ਤਰ੍ਹਾਂ ਦਾ ਲੱਗ ਰਿਹਾ ਹੈ ?

■ ਇਹ ਮੇਰੇ ਲਈ ਬਹੁਤ ਚੰਗਾ ਸਮਾਂ ਹੈ। ਮੈਨੂੰ ਵੱਖ-ਵੱਖ ਤਰ੍ਹਾਂ ਦੇ ਰੋਲ ਮਿਲ ਰਹੇ ਹਨ। ਮੈਂ ਹਮੇਸ਼ਾ ਸਬਰ ਰੱਖਿਆ ਅਤੇ ਆਪਣੇ ਕੰਮ 'ਤੇ ਭਰੋਸਾ ਕੀਤਾ। ਮੈਂ ਕਿਸੇ ਚੀਜ਼ ਦੇ ਪਿੱਛੇ ਭੱਜਦੀ ਨਹੀਂ ਹਾਂ, ਬਸ ਚੰਗਾ ਕੰਮ ਕਰਨਾ ਚਾਹੁੰਦੀ ਹਾਂ। ਮੈਨੂੰ ਕੁਝ ਪਰੂਫ ਕਰਨ ਦੀ ਕਾਹਲੀ ਨਹੀਂ ਹੈ। ਮੈਂ ਇੱਥੇ ਹੀ ਹਾਂ, ਰਿਟਾਇਰ ਨਹੀਂ ਹੋ ਰਹੀ। ਜੇ ਤੁਸੀਂ ਇੰਤਜ਼ਾਰ ਕਰੋਗੇ, ਤਾਂ ਚੰਗੀ ਸਕ੍ਰਿਪਟ ਤੁਹਾਨੂੰ ਜ਼ਰੂਰ ਮਿਲੇਗੀ।

Q ਸੰਨੀ ਦਿਓਲ ਨਾਲ ਕੰਮ ਕਰਨ ਦਾ ਅਨੁਭਵ ਕਿਹੋ ਜਿਹਾ ਰਿਹਾ ?

■ ਉਹ ਬਹੁਤ ਹੀ ਨਿਮਰ ਅਤੇ ਸ਼ਾਂਤ ਇਨਸਾਨ ਹਨ। ਫ਼ਿਲਮਾਂ ਵਿਚ ਜਿਵੇਂ ਉਹ ਦਿਸਦੇ ਹਨ, ਅਸਲ ਜ਼ਿੰਦਗੀ ਵਿਚ ਬਿਲਕੁਲ ਵੱਖਰੇ ਹਨ। ਉਨ੍ਹਾਂ ਤੋਂ ਮੈਂ ਸਿੱਖਿਆ ਕਿ ਜ਼ਿੰਦਗੀ ਨੂੰ ਬੈਲੇਂਸ ਕਿਵੇਂ ਕਰਨਾ ਹੈ-ਕੰਮ ਵੀ ਅਤੇ ਬ੍ਰੇਕ ਵੀ। ਬਾਰਡਰ-2 ਮੇਰੇ ਲਈ ਬਹੁਤ ਇਮੋਸ਼ਨਲ ਹੈ ਕਿਉਂਕਿ ਮੇਰੇ ਪਾਪਾ 1971 ਦੀ ਜੰਗ ਦਾ ਹਿੱਸਾ ਰਹੇ ਹਨ। ਇਹ ਮੇਰੇ ਲਈ ਇਕ ਤਰ੍ਹਾਂ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਵਾਂਗ ਸੀ।

Q ਅੱਜ ਦੇ ਬੱਚਿਆਂ ਲਈ ਕੀ ਸੰਦੇਸ਼ ਦੇਣਾ ਚਾਹੋਗੇ ?

■ **ਮਿਹਿਰ ਆਹੂਜਾ:** ਜਿਵੇਂ ਅਸੀਂ ਸ਼ੋਅ ਵਿਚ ਦਿਖਾ ਰਹੇ ਹਾਂ, ਬੱਚਿਆਂ ਨੂੰ ਆਪਣੇ ਸਿੰਗਲ ਪੇਰੈਂਟਸ ਬਾਰੇ ਵੀ ਸੋਚਣਾ ਚਾਹੀਦਾ ਹੈ। ਜੇ ਉਹ ਚਾਹੁਣ, ਤਾਂ ਉਨ੍ਹਾਂ ਨੂੰ ਦੂਜੀ ਵਾਰ ਪਿਆਰ ਪਾਉਣ ਵਿਚ ਮਦਦ ਕਰਨੀ ਚਾਹੀਦੀ ਹੈ।

■ **ਮੋਨਾ ਸਿੰਘ:** ਸਾਨੂੰ ਮਾਵਾਂ ਨੂੰ ਸਿਰਫ਼ ਇਕ ਬਾਕਸ ਵਿਚ ਬੰਦ ਕਰ ਕੇ ਨਹੀਂ ਰੱਖਣਾ ਚਾਹੀਦਾ। ਉਨ੍ਹਾਂ ਦੀ ਵੀ ਆਪਣੀ ਜ਼ਿੰਦਗੀ, ਸੁਪਨੇ ਅਤੇ ਇੱਛਾਵਾਂ ਹੁੰਦੀਆਂ ਹਨ। ਉਨ੍ਹਾਂ ਨੂੰ ਵੀ ਦੂਜਾ ਮੌਕਾ ਮਿਲਣਾ ਚਾਹੀਦਾ ਹੈ।

ਅਮਰੀਕਾ ਵਿਚ ਪੈਟਰੋਲ ਲੈ ਕੇ ਜਾ ਰਹੇ ਟੈਂਕਰ ਨੂੰ ਲੱਗੀ ਅੱਗ

ਫੋਰਟ ਵਰਥ, 6 ਅਪ੍ਰੈਲ (ਭਾਸ਼ਾ)-ਟੈਕਸਾਸ ਵਿਚ ਪੈਟਰੋਲ ਲੈ ਕੇ ਜਾ ਰਿਹਾ ਇਕ ਟੈਂਕਰ ਟਰੱਕ ਇਕ ਹੋਰ ਵਾਹਨ ਨਾਲ ਟਕਰਾਉਣ ਤੋਂ ਬਾਅਦ ਅੱਗ ਦੀ ਲਪੇਟ ਵਿਚ ਆ ਗਿਆ, ਜਿਸ ਵਿਚ ਟਰੱਕ ਚਾਲਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਫੋਰਟ ਵਰਥ ਫਾਇਰ ਬ੍ਰਿਗੇਡ ਵਿਭਾਗ ਦੇ ਬੁਲਾਰੇ ਕ੍ਰੇਗ ਟ੍ਰੋਜਾਸੇਕ ਨੇ ਦੱਸਿਆ ਕਿ ਇਹ 18 ਟਾਇਰਾਂ ਵਾਲਾ ਟਰੱਕ 9000 ਗੈਲਨ ਪੈਟਰੋਲ ਲੈ ਕੇ ਜਾ ਰਿਹਾ ਸੀ ਅਤੇ ਇਕ ਪੈਟਰੋਲ ਪੰਪ ਦੇ ਕੋਲ ਸਥਿਤ ਸੜਕ 'ਤੇ ਬੇਕਾਬੂ ਹੋ ਗਿਆ, ਜਿਸ ਤੋਂ ਬਾਅਦ ਪੈਟਰੋਲ ਦਾ ਰਿਸਾਅ ਹੋਣ ਲੱਗਾ। ਟਰੱਕ ਦੇ ਬੇਕਾਬੂ ਹੋਣ ਕਾਰਨ ਬਿਜਲੀ ਦੀਆਂ ਤਾਰਾਂ ਡਿੱਗ ਗਈਆਂ, ਜਿਸ ਕਾਰਨ ਦੇਰ ਰਾਤ ਕਰੀਬ 1 ਵਜੇ ਅੱਗ ਲੱਗ ਗਈ।

ਪਾਕਿਸਤਾਨ ਵਿਚ ਡਰੋਨ ਹਮਲਾ, 3 ਅੱਤਵਾਦੀ ਢੇਰ

ਪਿਸ਼ਾਵਰ, 6 ਅਪ੍ਰੈਲ (ਭਾਸ਼ਾ)- ਉੱਤਰ-ਪੱਛਮੀ ਪਾਕਿਸਤਾਨ ਵਿਚ ਸੁਰੱਖਿਆ ਫੋਰਸਾਂ ਨੇ ਸੋਮਵਾਰ ਨੂੰ ਡਰੋਨ ਹਮਲੇ ਵਿਚ 3 ਅੱਤਵਾਦੀਆਂ ਨੂੰ ਮਾਰ ਦਿੱਤਾ। ਪੁਲਸ ਨੇ ਇਹ ਜਾਣਕਾਰੀ ਦਿੱਤੀ।

ਡਰੋਨ ਹਮਲੇ ਵਿਚ ਅਸ਼ਾਂਤ ਖ਼ੈਬਰ ਪਖ਼ਤੂਨਖ਼ਵਾ ਦੇ ਓਰਕਜ਼ਈ ਜ਼ਿਲੇ ਵਿਚ ਲਸ਼ਕਰ-ਏ-ਇਸਲਾਮ ਨਾਲ ਜੁੜੇ ਅੱਤਵਾਦੀਆਂ ਦੇ ਇਕ ਟਿਕਾਣੇ ਨੂੰ ਨਿਸ਼ਾਨਾ ਬਣਾਇਆ ਗਿਆ। ਪੁਲਸ ਨੇ ਦੱਸਿਆ ਕਿ ਜ਼ਿਲੇ ਦੀ ਤਿਰਾਹ ਘਾਟੀ ਦੇ ਅਕਾ ਖੇਲ ਜਰਮੀਨ ਗੁਲ ਚੌਕ ਇਲਾਕੇ ਵਿਚ ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ ਸੁਰੱਖਿਆ ਫੋਰਸਾਂ ਨੇ ਕਾਰਵਾਈ ਕੀਤੀ।

ਪੁਲਸ ਨੇ ਦੱਸਿਆ ਕਿ ਹਮਲੇ ਦੇ ਸਮੇਂ ਕਰੀਬ 8-10 ਅੱਤਵਾਦੀ ਉਸ ਸਥਾਨ 'ਤੇ ਮੌਜੂਦ ਸਨ। ਪੁਲਸ ਦੇ ਮੁਤਾਬਕ, ਇਸ ਹਮਲੇ ਵਿਚ 3 ਅੱਤਵਾਦੀ ਮਾਰੇ ਗਏ ਅਤੇ 2 ਹੋਰ ਜ਼ਖਮੀ ਹੋ ਗਏ। ਹਮਲੇ ਵਿਚ ਮਾਰੇ ਗਏ ਅੱਤਵਾਦੀ ਤਿਰਾਹ ਘਾਟੀ ਦੇ ਮੂਲ ਨਿਵਾਸੀ ਅਕਾ ਖੇਲ ਕਬੀਲੇ ਨਾਲ ਸਬੰਧਤ ਸਨ।

ਬੰਗਲੇ ਦੀ ਅਲਾਟਮੈਂਟ ਦੇ ਪਿੱਛੇ ਦਾ ਭੇਤ

ਆਫ ਦਿ ਰਿਕਾਰਡ

ਕਦੇ ਮਜ਼ਬੂਤੀ ਨਾਲ ਕੰਮ ਦੀ ਅੱਗਵਾਈ ਕਰਨ ਵਾਲੇ ਜਗਦੀਪ ਧਨਖੜ ਨੂੰ ਹੁਣ ਅਹਿਸਾਸ ਹੋ ਗਿਆ ਹੋਵੇਗਾ ਕਿ ਅਸਲ ਖੇਡ ਅਹੁਦਾ ਛੱਡਣ ਤੋਂ ਬਾਅਦ ਸ਼ੁਰੂ ਹੁੰਦੀ ਹੈ।

ਅਹੁਦਾ ਛੱਡਣ ਤੋਂ ਲੱਗਭਗ 8 ਮਹੀਨਿਆਂ ਬਾਅਦ ਸਾਬਕਾ ਉਪ ਰਾਸ਼ਟਰਪਤੀ ਅਜੇ ਵੀ ਏ.ਪੀ.ਜੇ. ਅਬਦੁਲ ਕਲਾਮ ਰੋਡ 'ਤੇ ਆਪਣੇ ਅਧਿਕਾਰਤ ਤੌਰ 'ਤੇ ਅਲਾਟ ਕੀਤੇ ਟਾਈਪ-8 ਬੰਗਲੇ 'ਚ ਜਾਣ ਦੀ ਉਡੀਕ ਕਰ ਰਹੇ ਹਨ। ਇਹ ਲੁਟੀਅਨਜ਼ ਦਿੱਲੀ 'ਚ ਪ੍ਰਮੁੱਖ ਰੀਅਲ ਅਸਟੇਟ ਇਲਾਕਾ ਹੈ। ਕਾਰਨ ? ਨਵੀਨੀਕਰਨ, ਤਕਨੀਕੀ ਗੱਲਾਂ, ਕਾਗਜ਼ੀ ਕਾਰਵਾਈ। ਤੁਸੀਂ ਆਪਣੀ ਪਸੰਦ ਦੇ ਨੌਕਰਸ਼ਾਹੀ ਵਾਲੇ ਕਾਰਨ ਨੂੰ ਚੁਣ ਸਕਦੇ ਹੋ।

ਇਸ ਅਜੀਬ ਚੀਜ਼ ਨੂੰ ਨਜ਼ਰਅੰਦਾਜ਼ ਕਰਨਾ ਔਖਾ ਹੈ। ਇੱਥੇ ਇਕ ਸੰਵਿਧਾਨਕ ਅਥਾਰਟੀ ਹੈ, ਜੋ ਕਦੇ ਖੁੱਦ ਸਿਸਟਮ ਦੇ ਸਿਖਰ 'ਤੇ ਸੀ। ਹੁਣ ਉਹ ਹੀ ਉਸੇ ਉਲਝਣ 'ਚ ਫਸ ਗਿਆ ਹੈ ਜਿਸ ਬਾਰੇ ਆਮ ਲੋਕ ਲੰਬੇ ਸਮੇਂ ਤੋਂ ਸ਼ਿਕਾਇਤ ਕਰਦੇ ਆਏ ਹਨ।

ਸਾਨੂੰ ਦੱਸਿਆ ਗਿਆ ਹੈ ਕਿ ਅਲਾਟਮੈਂਟ ਕਈ ਮਹੀਨੇ ਪਹਿਲਾਂ ਹੋ ਗਈ ਸੀ। ਹਾਲਾਂਕਿ ਘਰ ਲੁਕਣ-ਮੀਟੀ ਖੇਡਦਾ ਜਾਪਦਾ ਹੈ। ਖਾਲੀ ਹੈ ਪਰ ਉਪਲਬਧ ਨਹੀਂ ਹੈ। ਅਲਾਟ ਕੀਤਾ ਗਿਆ ਹੈ ਪਰ ਪੇਸ਼ਕਸ਼ ਨਹੀਂ ਕੀਤੀ ਗਈ।

ਹਮੇਸ਼ਾ ਭਰੋਸੇਮੰਦ ਰਹਿਣ ਵਾਲਾ ਕੇਂਦਰੀ ਲੋਕ ਨਿਰਮਾਣ ਵਿਭਾਗ ਮੁਰੰਮਤ ਦਾ 'ਕੰਮ' ਕਰ ਰਿਹਾ ਹੈ। ਹਾਲਾਂਕਿ ਜੋ ਕੀਤਾ ਜਾ ਰਿਹਾ ਹੈ, ਉਹ ਬੰਗਲੇ ਦੀਆਂ ਚਾਬੀਆਂ ਵਾਂਗ ਹੀ ਸਮਝ ਤੋਂ ਬਾਹਰ ਹੈ। ਇਸ ਦੌਰਾਨ ਧਨਖੜ ਇਕ ਨਿੱਜੀ ਫਾਰਮ ਹਾਊਸ 'ਚ ਆਰਾਮ ਕਰ ਰਹੇ ਹਨ।

ਦਿੱਲੀ ਦੇ ਪਾਵਰ ਗਲਿਆਰਿਆਂ ਦੇ ਸ਼ਾਨਦਾਰ ਥੀਏਟਰ 'ਚ ਇਹ ਰਿਹਾਇਸ਼ੀ ਦੇਰੀ ਘੱਟ ਤੇ ਇਸ ਗੱਲ ਦੀ ਮਾਸਟਰ ਕਲਾਸ ਵਧੇਰੇ ਹੈ ਕਿ ਸਿਸਟਮ ਆਪਣੇ ਹੀ ਪੁਰਾਣੇ ਲੋਕਾਂ ਨਾਲ ਕਿਵੇਂ ਪੇਸ਼ ਆਉਂਦਾ ਹੈ? ਖਿਤਾਬ ਫਿੱਕੇ ਪੈ ਜਾਂਦੇ ਹਨ, ਪ੍ਰੋਟੋਕੋਲ ਘੱਟ ਜਾਂਦੇ ਹਨ ਅਤੇ ਫਾਈਲ ਹਮੇਸ਼ਾ ਆਪਣੀ ਹੀ ਜ਼ਿੰਦਗੀ ਜਿਉਣ ਲਗਦੀ ਹੈ।

ਧਨਖੜ ਲਈ ਸਬਕ ਸ਼ਾਇਦ ਬੇਮਿਸਾਲ ਪਰ ਸਪੱਸ਼ਟ ਹੈ। ਦਿੱਲੀ 'ਚ ਤੁਸੀਂ ਇਕ ਸਿਸਟਮ ਲਾਗੂ ਕਰ ਸਕਦੇ ਹੋ, ਪਰ ਜਲਦੀ ਜਾਂ ਬਾਅਦ 'ਚ ਤੁਹਾਨੂੰ ਵੀ ਉਸ ਨੂੰ ਸਹਿਣਾ ਪਵੇਗਾ।

ਈਰਾਨ ਨੂੰ ਕਿਸੇ ਵੀ ਹਾਲਤ ਵਿਚ ਨਿਊਕਲੀਅਰ ਹਥਿਆਰ ਨਹੀਂ ਬਣਾਉਣ ਦਿਆਂਗੇ : ਟਰੰਪ

ਤਹਿਰਾਨ : ਅਮਰੀਕਾ ਅਤੇ ਇਜ਼ਰਾਈਲ ਦੇ ਹਮਲੇ ਵਿਚ ਨੁਕਸਾਨੀ ਗਈ ਮਸਜਿਦ ਨੂੰ ਦੇਖਦਾ ਇਕ ਨੌਜਵਾਨ।

ਤਹਿਰਾਨ, 6 ਅਪ੍ਰੈਲ (ਏਜੰਸੀਆਂ)- ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਈਰਾਨ ਨੂੰ ਲੈ ਕੇ ਕਈ ਸਖ਼ਤ ਬਿਆਨ ਦਿੱਤੇ ਹਨ। ਉਨ੍ਹਾਂ ਕਿਹਾ ਕਿ ਈਰਾਨ ਦੇ ਲੋਕ ਆਜ਼ਾਦੀ ਚਾਹੁੰਦੇ ਹਨ ਅਤੇ ਉੱਥੋਂ ਦੇ ਹਾਲਾਤ ਅਜਿਹੇ ਹਨ ਕਿ ਲੋਕ ਬਦਲਾਅ ਦੇਖਣਾ ਚਾਹੁੰਦੇ ਹਨ। ਟਰੰਪ ਨੇ ਕਿਹਾ ਕਿ ਜੇ ਉਨ੍ਹਾਂ ਕੋਲ ਮੌਕਾ ਹੁੰਦਾ, ਤਾਂ ਉਹ ਈਰਾਨ ਦੇ ਤੇਲ 'ਤੇ ਕਬਜ਼ਾ ਕਰ ਲੈਂਦੇ, ਕਿਉਂਕਿ ਉਹ ਇਕ ਵੱਡਾ ਰਿਸੋਰਸ ਹੈ। ਹਾਲਾਂਕਿ ਉਨ੍ਹਾਂ ਇਹ ਵੀ ਮੰਨਿਆ ਕਿ ਅਮਰੀਕਾ ਦੇ ਲੋਕ ਹੁਣ ਜੰਗ ਤੋਂ ਥੱਕ ਚੁੱਕੇ ਹਨ ਅਤੇ ਚਾਹੁੰਦੇ ਹਨ ਕਿ ਫੌਜੀਆਂ ਨੂੰ ਵਾਪਸ ਘਰ ਬੁਲਾਇਆ ਜਾਵੇ।

ਉਨ੍ਹਾਂ ਹਾਲ ਹੀ ਵਿਚ ਹੋਏ ਇਕ ਰੈਸਕਿਊ ਆਪ੍ਰੇਸ਼ਨ ਦਾ ਵੀ ਜ਼ਿਕਰ ਕੀਤਾ, ਜਿਸ ਵਿਚ ਈਰਾਨ ਵਿਚ ਸੁੱਟੇ ਗਏ ਐੱਫ-15ਈ ਫਾਈਟਰ ਜੈੱਟ ਦੇ ਦੋ ਕਰੂ ਮੈਂਬਰਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ। ਟਰੰਪ ਨੇ ਕਿਹਾ ਕਿ ਆਮ ਤੌਰ 'ਤੇ ਅਜਿਹੇ ਹਾਲਾਤ ਵਿਚ ਪਾਇਲਟ ਨੂੰ ਬਚਾਉਣਾ ਮੁਸ਼ਕਲ ਹੁੰਦਾ ਹੈ, ਪਰ ਇਸ ਵਾਰ ਉਨ੍ਹਾਂ ਦੀ ਟੀਮ ਨੇ ਦੋਵਾਂ ਨੂੰ ਸੁਰੱਖਿਅਤ ਕੱਢ ਲਿਆ, ਜੋ ਕਿ ਬਹੁਤ ਬਹਾਦਰੀ ਦਾ ਕੰਮ ਹੈ।

ਟਰੰਪ ਨੇ ਕਿਹਾ ਕਿ ਕਿਸੇ ਵੀ ਹਾਲਤ ਵਿਚ ਈਰਾਨ ਨੂੰ ਨਿਊਕਲੀਅਰ ਹਥਿਆਰ ਨਹੀਂ ਬਣਾਉਣ ਦਿੱਤੇ ਜਾਣਗੇ। ਜੇ ਈਰਾਨ ਨਹੀਂ ਮੰਨਿਆ, ਤਾਂ ਉਸ ਦੇ ਵੱਡੇ-ਵੱਡੇ ਟਿਕਾਣਿਆਂ ਜਿਵੇਂ ਕਿ ਪੁਲ, ਪਾਵਰ ਪਲਾਂਟ ਅਤੇ ਹੋਰ ਇਨਫ੍ਰਾਸਟਰੱਕਚਰ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਇਸ ਵਿਚਾਲੇ ਈਰਾਨ ਦੀ ਫੌਜ ਨੇ ਸਾਫ਼ ਕਿਹਾ ਹੈ ਕਿ ਉਹ ਉਦੋਂ ਤੱਕ ਜੰਗ ਜਾਰੀ ਰੱਖੇਗੀ, ਜਦੋਂ ਤੱਕ ਦੇਸ਼ ਦੇ ਆਗੂ ਇਸ ਨੂੰ ਜ਼ਰੂਰੀ ਸਮਝਣਗੇ। ਫੌਜ ਦੇ ਬੁਲਾਰੇ ਨੇ ਕਿਹਾ ਕਿ ਇਸ ਜੰਗ ਦਾ ਮਕਸਦ ਦੁਸ਼ਮਣ ਨੂੰ ਅਜਿਹਾ ਜਵਾਬ ਦੇਣਾ ਹੈ ਕਿ ਭਵਿੱਖ ਵਿਚ ਕੋਈ ਹਮਲਾ ਕਰਨ ਦੀ ਹਿੰਮਤ ਨਾ ਕਰੇ। ਈਰਾਨ ਨੇ ਪੱਛਮੀ ਅਜ਼ਰਬਾਈਜਾਨ ਸੂਬੇ ਵਿਚ 17 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਤੇ ਦੋਸ਼ ਹੈ ਕਿ ਇਹ ਅਮਰੀਕਾ-ਇਜ਼ਰਾਈਲ ਨਾਲ ਜੁੜੇ ਹੋਏ ਸਨ ਅਤੇ ਅੱਤਵਾਦੀ ਜਥੇਬੰਦੀਆਂ ਨਾਲ ਸਬੰਧ ਰੱਖਦੇ ਸਨ। ਈਰਾਨ ਦਾ ਕਹਿਣਾ ਹੈ ਕਿ ਕੁਝ ਲੋਕ ਫੌਜੀ ਅਤੇ ਸੁਰੱਖਿਆ ਨਾਲ ਜੁੜੀ ਅਹਿਮ ਜਾਣਕਾਰੀ ਬਾਹਰ ਭੇਜ ਰਹੇ ਸਨ।

ਏਰਾਵਤ ਆਰਮੀ ਪ੍ਰਾਇਮਰੀ ਸਕੂਲ, ਪਟਿਆਲਾ

ਈ-ਮੇਲ : aappspatiala@gmail.com

1. ਪ੍ਰਿੰਸੀਪਲ ਲਈ ਵੈਕੰਸੀ (1), ਯੋਗਤਾਵਾਂ : ਬੀ.ਐੱਡ/ਐੱਨ.ਟੀ.ਟੀ. ਸਮੇਤ ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ, ਤਰਜੀਹੀ ਤੌਰ 'ਤੇ ਏ. ਪੀ. ਐੱਸ./ਏ. ਪੀ. ਪੀ. ਐੱਸ. 'ਚ ਘੱਟੋ-ਘੱਟ 3 ਸਾਲ ਦੇ ਅਧਿਆਪਨ ਤਜਰਬੇ ਦੇ ਨਾਲ, ਕੰਪਿਊਟਰ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਨਾਲ ਹੀ ਅੰਗਰੇਜ਼ੀ 'ਤੇ ਬਹੁਤ ਵਧੀਆ ਪਕੜ ਹੋਣੀ ਚਾਹੀਦੀ ਹੈ। ਘੱਟੋ-ਘੱਟ ਉਮਰ 35 ਸਾਲ ਹੋਵੇ।
2. ਅਧਿਆਪਕਾਂ ਲਈ ਵੈਕੰਸੀ, ਪੀ. ਆਰ. ਟੀ. ਤੇ ਪੀ. ਪੀ. ਆਰ. ਟੀ., (ਡੀ. ਐੱਡ/ਡੀ. ਐੱਲ. ਐੱਡ/ਬੀ. ਐੱਲ. ਐੱਡ/ਐੱਨ. ਟੀ. ਟੀ.), ਕੰਪਿਊਟਰ ਟੀਚਰ (ਬੀ. ਸੀ. ਏ./ਬੀ. ਐੱਸਸੀ./ਬੀ. ਟੈੱਕ), ਸਪੈਸ਼ਲ ਐਜੂਕੇਟਰ-ਕਮ-ਥੈਰੇਪਿਸਟ (ਡੀ. ਐੱਡ.-ਐੱਸ. ਈ.-ਐੱਮ. ਆਰ.)।
3. ਇਕ ਪਾਸਪੋਰਟ ਆਕਾਰ ਦੀ ਫੋਟੋ ਸਮੇਤ ਰਿਜ਼ਿਊਮ ਏ. ਏ. ਪੀ. ਐੱਸ. ਦਫਤਰ ਕੋਲ 25 ਅਪ੍ਰੈਲ, 2026 ਦੁਪਹਿਰ 12 ਵਜੇ ਤਕ ਜਾਂ ਈ-ਮੇਲ ਰਾਹੀਂ ਜਮ੍ਹਾ ਕਰਵਾਇਆ ਜਾਵੇ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 8427749218.

ਪਬਲਿਕ ਨੋਟਿਸ

ਉਦਯੋਗਿਕ ਪਲਾਟ ਨੰ. ਡੀ-32, ਫੋਕਲ ਪੁਆਇੰਟ, ਪਟਿਆਲਾ ਦਾ ਫੈਮਿਲੀ ਟਰਾਂਸਫਰ (ਡੈੱਥ ਕੇਸ)

ਆਮ ਜਨਤਾ ਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਗੀਤੂ ਸਿੰਗਲਾ ਪਤਨੀ ਸਵ. ਸ਼੍ਰੀ ਰਾਜੇਸ਼ ਕੁਮਾਰ ਸਿੰਗਲਾ ਨੇ ਉਕਤ ਪਲਾਟ ਦੇ ਕੋ-ਅਲਾਟੀ/ਕੋ-ਪਾਰਟਨਰ ਸਵ. ਸ਼੍ਰੀ ਰਾਜੇਸ਼ ਕੁਮਾਰ ਸਿੰਗਲਾ ਪੁੱਤਰ ਸ਼੍ਰੀ ਰੋਸ਼ਨ ਲਾਲ ਦੇ ਦਿਹਾਂਤ 'ਤੇ ਪਲਾਟ ਨੰ. ਡੀ-32, ਫੋਕਲ ਪੁਆਇੰਟ, ਪਟਿਆਲਾ ਦਾ ਫੈਮਿਲੀ ਟਰਾਂਸਫਰ ਆਪਣੇ ਹੱਕ ਵਿਚ ਕਰਵਾਉਣ ਲਈ ਪੀ. ਐੱਸ. ਆਈ. ਈ. ਸੀ. ਕੋਲ ਪਹੁੰਚ ਕੀਤੀ ਹੈ ਅਤੇ ਦੱਸਿਆ ਹੈ ਕਿ ਮ੍ਰਿਤਕ ਦੇ ਸਾਰੇ ਕਾਨੂੰਨੀ ਵਾਰਿਸਾਂ ਨੇ ਉਕਤ ਪਲਾਟ 'ਚ ਆਪਣੇ ਅਧਿਕਾਰ/ਹਿੱਤ ਨੂੰ ਉਸ ਦੇ ਹੱਕ ਵਿਚ ਛੱਡ ਦਿੱਤਾ ਹੈ। ਪਲਾਟ ਦੇ ਟਰਾਂਸਫਰ ਨਾਲ ਸਬੰਧਤ ਇਹ ਮਾਮਲਾ ਪੀ. ਐੱਸ. ਆਈ. ਈ. ਸੀ. ਦੀ ਕਾਰਵਾਈ ਲਈ ਹੇਠਾਂ ਦੱਸੇ ਅਨੁਸਾਰ ਵਿਚਾਰ ਅਧੀਨ ਹੈ-

ਮ੍ਰਿਤਕ ਪਾਰਟਨਰ/ਅਲਾਟੀ ਦਾ ਨਾਂ	ਜਾਇਦਾਦ ਦਾ ਵੇਰਵਾ	ਦਿਹਾਂਤ ਦੀ ਮਿਤੀ	ਕਾਨੂੰਨਾਂ ਵਾਰਿਸਾਂ ਦੇ ਨਾਂ ਅਤੇ ਮ੍ਰਿਤਕ ਨਾਲ ਰਿਸ਼ਤਾ	ਦਾਅਵੇਦਾਰ ਦਾ ਨਾਂ ਅਤੇ ਮ੍ਰਿਤਕ ਨਾਲ ਰਿਸ਼ਤਾ
ਸਵ. ਸ਼੍ਰੀ ਰਾਜੇਸ਼ ਕੁਮਾਰ ਸਿੰਗਲਾ ਪੁੱਤਰ ਸ਼੍ਰੀ ਰੋਸ਼ਨ ਲਾਲ	ਉਦਯੋਗਿਕ ਪਲਾਟ ਨੰ. ਡੀ-32, ਫੋਕਲ ਪੁਆਇੰਟ, ਪਟਿਆਲਾ	15.11.2023	1. ਸਨੇਹ ਲਤਾ (ਮਾਤਾ) 2. ਗੀਤੂ ਸਿੰਗਲਾ (ਪਤਨੀ) 3. ਨੰਦਿਕਾ (ਪੁੱਤਰੀ) 4. ਯੁਵਰਾਜ ਸਿੰਗਲਾ (ਪੁੱਤਰ)	ਸ਼੍ਰੀਮਤੀ ਗੀਤੂ ਸਿੰਗਲਾ ਪਤਨੀ ਸਵ. ਸ਼੍ਰੀ ਰਾਜੇਸ਼ ਕੁਮਾਰ ਸਿੰਗਲਾ

ਜੇ ਕਿਸੇ ਨੂੰ ਵੀ ਉੱਪਰ ਦੱਸੀ ਤਬਦੀਲੀ 'ਤੇ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ (ਜੇ ਕੋਈ ਹੋਣ) ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਦੇ 15 ਦਿਨਾਂ ਅੰਦਰ ਨਿਮਨ ਹਸਤਾਖਰੀ ਕੋਲ ਲਿਖਤੀ ਰੂਪ 'ਚ ਪੇਸ਼ ਕਰ ਸਕਦਾ/ਸਕਦੀ/ਸਕਦੇ ਹਨ। ਅਜਿਹਾ ਕਰਨ ਵਿਚ ਅਸਫਲ ਰਹਿਣ 'ਤੇ ਉਕਤ ਉਦਯੋਗਿਕ ਪਲਾਟ ਨੰ. ਡੀ-32, ਫੋਕਲ ਪੁਆਇੰਟ, ਪਟਿਆਲਾ ਦਾ ਟਰਾਂਸਫਰ/ਰੂਪ-ਰੇਖਾ 'ਚ ਤਬਦੀਲੀ ਉੱਪਰ ਦੱਸੇ ਦਾਅਵੇਦਾਰ/ਮ੍ਰਿਤਕ ਦੀ ਵਿਧਵਾ ਦੇ ਹੱਕ 'ਚ ਕਰਨ ਦੀ ਇਜਾਜ਼ਤ ਹੋਵੇਗੀ। ਪ੍ਰਕਾਸ਼ਨ ਪਿੱਛੋਂ 15 ਦਿਨਾਂ ਦੀ ਸਮਾਪਤੀ ਤੋਂ ਬਾਅਦ ਪ੍ਰਾਪਤ ਕਿਸੇ ਵੀ ਦਾਅਵੇ/ਇਤਰਾਜ਼ ਨੂੰ ਧਿਆਨ 'ਚ ਨਹੀਂ ਰੱਖਿਆ ਜਾਵੇਗਾ।

ਅਸਟੇਟ ਅਫਸਰ
ਪੰਜਾਬ ਸਮਾਲ ਇੰਡਸਟ੍ਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ
ਉਦਯੋਗ ਭਵਨ, ਸੈਕਟਰ-17, ਚੰਡੀਗੜ੍ਹ

ਡੈਬਟਸ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀ. ਆਰ. ਟੀ.-3)

ਗਰਾਊਂਡ ਫਲੋਰ, ਐੱਸ. ਸੀ. ਓ. 33-34-35, ਸੈਕਟਰ-17ਏ, ਚੰਡੀਗੜ੍ਹ-160017

ਕੇਸ ਨੰ. : OA/678/2020

ਐਕਟ ਦੀ ਧਾਰਾ-19 ਦੀ ਉਪ-ਧਾਰਾ (4), ਜਿਸ ਨੂੰ ਡੈਬਟਸ ਰਿਕਵਰੀ ਟ੍ਰਿਬਿਊਨਲ (ਪ੍ਰੋਸੀਜਰ) ਰੂਲਜ਼, 1993 ਦੇ ਰੂਲ-5 ਦੇ ਸਬ-ਰੂਲ (2ਏ) ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਸੰਮਨ।

ਈ. ਐਕਸ. ਐੱਚ. ਨੰ. : 30331

ਪੰਜਾਬ ਨੈਸ਼ਨਲ ਬੈਂਕ ਬਨਾਮ ਜਸਪਾਲ ਸਿੰਘ ਤੇ ਹੋਰ

ਟੂ,

(1) ਜਸਪਾਲ ਸਿੰਘ ਪੁੱਤਰ ਸੁਰਿੰਦਰ ਸਿੰਘ, ਵਾਸੀ ਮਕਾਨ ਨੰ. 8, ਗਲੀ ਨੰ. 18, ਸ਼ਹੀਦ ਭਗਤ ਸਿੰਘ ਨਗਰ, ਧਾਂਦਰਾ ਰੋਡ, ਗਿੱਲ ਨੰ. 2, ਲੁਧਿਆਣਾ, ਦੂਜਾ ਪਤਾ : ਮਾਰਫਤ ਮੈਸਰਜ਼ ਸੁਖਮਣੀ ਸਾਈਕਲਸ, ਗਲੀ ਨੰ. 6-1/2, ਨਿਰਮਲ ਨਗਰ, ਦੁਗਰੀ, ਲੁਧਿਆਣਾ, ਪੰਜਾਬ-141014.

(2) ਗਗਨਦੀਪ ਕੌਰ ਪਤਨੀ ਜਸਪਾਲ ਸਿੰਘ, ਵਾਸੀ ਮਕਾਨ ਨੰ. 8, ਗਲੀ ਨੰ. 18, ਐੱਸ. ਬੀ. ਐੱਸ. ਨਗਰ, ਧਾਂਦਰਾ ਰੋਡ, ਗਿੱਲ ਨੰ. 2, ਲੁਧਿਆਣਾ, ਪੰਜਾਬ-141014.

ਸੰਮਨ

ਜਿਵੇਂ ਕਿ OA/678/2020 ਮਾਣਯੋਗ ਪ੍ਰੀਜ਼ਾਇਡਿੰਗ ਅਫਸਰ/ਰਜਿਸਟ੍ਰਾਰ ਕੋਲ 13.03.2026 ਨੂੰ ਸੂਚੀਬੱਧ ਕੀਤਾ ਗਿਆ ਸੀ।

ਜਿਵੇਂ ਕਿ ਇਸ ਮਾਣਯੋਗ ਟ੍ਰਿਬਿਊਨਲ ਨੇ ਐਕਟ ਦੀ ਧਾਰਾ-19(4) ਤਹਿਤ ਦੱਸੀ ਅਰਜ਼ੀ 'ਤੇ ਸੰਮਨ/ਨੋਟਿਸ ਜਾਰੀ ਕੀਤਾ ਹੈ। 26,76,382 ਰੁਪਏ ਦੇ ਕਰਜ਼ੇ ਦੀ ਵਸੂਲੀ ਲਈ ਤੁਹਾਡੇ ਵਿਰੁੱਧ ਓ. ਏ. ਦਾਖਲ ਕੀਤੀ ਗਈ ਸੀ।

ਐਕਟ ਦੀ ਧਾਰਾ-19 ਦੀ ਉਪ-ਧਾਰਾ (4) ਮੁਤਾਬਕ ਤੁਹਾਨੂੰ (ਬਚਾਅ ਧਿਰ ਨੂੰ) ਹੇਠ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ-

(i) ਸੰਮਨ ਜਾਰੀ ਕੀਤੇ ਜਾਣ ਦੇ 30 ਦਿਨਾਂ ਅੰਦਰ ਕਾਰਨ ਦੱਸੋ ਕਿ ਮੰਗੀ ਗਈ ਰਾਹਤ ਕਿਉਂ ਨਹੀਂ ਦਿੱਤੀ ਜਾ ਸਕਦੀ।

(ii) ਅਸਲ ਅਰਜ਼ੀ ਦੇ ਲੜੀ ਨੰ. 3ਏ ਤਹਿਤ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਤੇ ਅਸਾਸਿਆਂ ਤੋਂ ਭਿੰਨ ਜਾਇਦਾਦਾਂ ਜਾਂ ਅਸਾਸਿਆਂ ਦੇ ਵੇਰਵੇ ਪੇਸ਼ ਕਰਨੇ।

(iii) ਤੁਹਾਨੂੰ ਅਸਲ ਅਰਜ਼ੀ ਦੇ ਲੜੀ ਨੰ. 3 ਏ. ਤਹਿਤ ਸਕਿਓਰਡ ਅਸਾਸਿਆਂ ਜਾਂ ਹੋਰ ਅਸਾਸਿਆਂ ਤੇ ਜਾਇਦਾਦਾਂ ਨਾਲ ਸੌਦੇਬਾਜ਼ੀ ਕਰਨ ਜਾਂ ਇਨ੍ਹਾਂ ਦਾ ਨਿਪਟਾਰਾ ਕਰਨ, ਪੈਂਡਿੰਗ ਸੁਣਵਾਈ ਅਤੇ ਜਾਇਦਾਦਾਂ ਦੀ ਅਟੈਚਮੈਂਟ ਲਈ ਅਰਜ਼ੀ ਦੇ ਨਿਪਟਾਰੇ ਤੋਂ ਰੋਕਿਆ ਜਾਂਦਾ ਹੈ।

(iv) ਤੁਸੀਂ ਕਿਸੇ ਵੀ ਅਸਾਸੇ ਨੂੰ ਕਾਰੋਬਾਰ ਦੇ ਆਮ ਸਮੇਂ ਤੋਂ ਇਲਾਵਾ ਵਿਕਰੀ, ਪੱਟੇ ਜਾਂ ਹੋਰ ਢੰਗ ਨਾਲ ਟਰਾਂਸਫਰ ਨਹੀਂ ਕਰ ਸਕਦੇ, ਜਿਸ ਉੱਪਰ ਸਕਿਓਰਿਟੀ ਵਿਆਜ ਦੀ ਸਿਰਜਣਾ ਕੀਤੀ ਗਈ ਹੈ ਅਤੇ/ਜਾਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਅਸਲ ਅਰਜ਼ੀ ਦੇ ਲੜੀ ਨੰ. 3ਏ ਤਹਿਤ ਦੱਸੇ ਹੋਰ ਅਸਾਸਿਆਂ ਤੇ ਜਾਇਦਾਦਾਂ ਨੂੰ ਵੀ ਟਰਾਂਸਫਰ ਨਹੀਂ ਕਰ ਸਕਦੇ।

(v) ਤੁਸੀਂ ਕਾਰੋਬਾਰ ਦੇ ਆਮ ਸਮੇਂ ਦੌਰਾਨ ਸਕਿਓਰਡ ਅਸਾਸਿਆਂ ਜਾਂ ਹੋਰ ਅਸਾਸਿਆਂ ਤੇ ਜਾਇਦਾਦਾਂ ਦੀ ਵਿਕਰੀ ਰਾਹੀਂ ਪ੍ਰਾਪਤ ਰਕਮ ਦੇ ਵੇਰਵੇ ਦੇਣ ਲਈ ਜ਼ਿੰਮੇਵਾਰ ਹੋਵੋਗੇ ਅਤੇ ਵਿਕਰੀ ਦੀ ਰਕਮ ਬੈਂਕ ਜਾਂ ਵਿੱਤੀ ਸੰਸਥਾਵਾਂ ਨਾਲ ਜੁੜੇ ਖਾਤੇ ਵਿਚ ਜਮ੍ਹਾ ਕਰਵਾਓਗੇ, ਜਿਨ੍ਹਾਂ ਦਾ ਅਜਿਹੇ ਅਸਾਸਿਆਂ 'ਤੇ ਸਕਿਓਰਿਟੀ ਵਿਆਜ ਹੈ।

ਤੁਹਾਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਬਿਨੈਕਾਰ ਨੂੰ ਭੇਜੀ ਗਈ ਕਾਪੀ ਦੇ ਨਾਲ ਹੀ ਲਿਖਤੀ ਬਿਆਨ ਦਾਖਲ ਕੀਤਾ ਜਾਵੇ ਅਤੇ ਰਜਿਸਟ੍ਰਾਰ ਕੋਲ 10.06.2026 ਨੂੰ ਸਵੇਰੇ 10.30 ਵਜੇ ਪੇਸ਼ ਹੋਵੋ। ਅਜਿਹਾ ਨਾ ਕਰਨ 'ਤੇ ਅਰਜ਼ੀ 'ਤੇ ਸੁਣਵਾਈ ਤੇ ਫੈਸਲਾ ਤੁਹਾਡੀ ਗੈਰ-ਮੌਜੂਦਗੀ 'ਚ ਕੀਤਾ ਜਾਵੇਗਾ।

ਮਿਤੀ 14.03.2026 ਨੂੰ ਮੇਰੇ ਹਸਤਾਖਰ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਹੇਠ ਜਾਰੀ ਕੀਤਾ ਗਿਆ

ਸੰਮਨ ਜਾਰੀ ਕਰਨ ਲਈ ਅਧਿਕਾਰਤ ਅਫਸਰ ਦੇ ਹਸਤਾਖਰ

ਨੋਟ : ਜੋ ਲਾਗੂ ਨਹੀਂ, ਉਸ ਨੂੰ ਕੱਟ ਦਿਓ।

pnb ਪੰਜਾਬ ਨੈਸ਼ਨਲ ਬੈਂਕ

...ਬਿਹਤਰੀ ਲਈ ਇਕਜੁੱਟ

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ ਲੁਧਿਆਣਾ, ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ, ਈ-ਮੇਲ : cs4540@pnb.bank.in ਮੋ. : +0161-2888181, 2888182

ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ

ਸਰਫੇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 6 ਤੇ 9 ਨਾਲ ਪੜ੍ਹੇ ਜਾਂਦੇ ਰੂਲ 9(1) ਤੇ 8(6) ਤਹਿਤ ਆਮ ਜਨਤਾ ਨੂੰ 15/30 ਦਿਨਾ ਵਿਧਾਨਕ ਵਿਕਰੀ ਨੋਟਿਸ

ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਵਰਣਿਤ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ (ਜੋ ਵੀ ਲਾਗੂ ਹੋਵੇ) ਬੈਂਕ ਦੇ ਅਧਿਕਾਰਤ ਅਫਸਰ/ਸਕਿਓਰਡ ਕ੍ਰੈਡਿਟਰ ਵੱਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਵਰਣਿਤ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ https://BAANKNET.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 28.04.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤਕ ਕੀਤੀ ਜਾਵੇਗੀ।

ਜਾਇਦਾਦਾਂ ਦੀ ਜਾਂਚ ਦੀ ਮਿਤੀ 07.04.2026 ਤੋਂ 27.04.2026 ਸਵੇਰੇ 10 ਤੋਂ ਸ਼ਾਮ 5 ਵਜੇ ਤਕ ਹੈ।

ਪੋਰਟਲ https://BAANKNET.com 'ਤੇ ਈ. ਐੱਮ. ਡੀ. ਦੀ ਪੇਸ਼ਕਾਰੀ ਅਤੇ ਆਨਲਾਈਨ ਦਸਤਾਵੇਜ਼ਾਂ ਦੀ ਜਾਂਚ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਮੈਸਰਜ਼ ਪੀ. ਐੱਸ. ਬੀ. ਅਲਾਇੰਸ ਪ੍ਰਾ. ਲਿਮ., ਮੁੰਬਈ, ਪੋਰਟਲ ਹੈਲਪਡੈਸਕ ਨੰ. +91 82912 20220, ਈ-ਮੇਲ ਆਈ. ਡੀ. : support.BAANKNET@psballiance.com, ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਟੇਟਸ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਸਿਆਂ ਦਾ ਵੇਰਵਾ

ਲੜੀ ਨੰ.	ਜਾਇਦਾਦ (ਾਂ) ਦੀ ਆਈ. ਡੀ.	ਡੀਲਿੰਗ ਅਫਸਰ ਦਾ ਨਾਂ	ਸੰਪਰਕ ਨੰ.	ਅਕਾਊਂਟ ਦਾ ਨਾਂ ਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	ਸਰਫੇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ	ਬਕਾਇਆ ਰਕਮ ਜਿਵੇਂ ਹੈ	ਸਰਫੇਸੀ ਐਕਟ 2002 ਦੇ ਸੈਕਸ਼ਨ 13(4) ਅਧੀਨ ਕਬਜ਼ੇ ਦੀ ਮਿਤੀ	ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ	ਈ. ਐੱਮ. ਡੀ.	ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਸ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
1.	PUNBLKC73625303	ਸੁਖਜੀਤ ਸਿੰਘ	84279 - 79800	ਕਰਜ਼ਦਾਰ : ਮੈਸਰਜ਼ ਵੈਲਡ ਐਕਸੈੱਲ ਇੰਡੀਆ ਲਿਮਟਿਡ, ਰਜਿਸਟਰਡ ਦਫਤਰ ਦਾ ਪਤਾ : 405, ਚੌਥੀ ਮੰਜ਼ਿਲ, ਕੋਪੀਆ ਕਾਰਪੋਰੇਟ ਸੁਇਟਸ, 9 ਜਸੋਲਾ, ਕਮਰਸ਼ੀਅਲ ਕੰਪਲੈਕਸ, ਨਵੀਂ ਦਿੱਲੀ-110025 ਅਤੇ ਫੈਕਟਰੀ ਦਾ ਪਤਾ : ਡੀ-230, ਫੇਜ਼-VII, ਫੋਕਲ ਪੁਆਇੰਟ, ਲੁਧਿਆਣਾ-141001 ਇਸ ਦੇ ਡਾਇਰੈਕਟਰਾਂ ਤੇ ਗਾਰੰਟਰਾਂ (ਏ) ਮਨੀਸ਼ ਮੋਦੀ ਪੁੱਤਰ ਮਹਿੰਦਰ ਕੁਮਾਰ ਮੋਦੀ, (ਬੀ) ਵੀਨਾ ਮੋਦੀ ਪਤਨੀ ਮਹਿੰਦਰ ਕੁਮਾਰ ਮੋਦੀ ਅਤੇ (ਸੀ) ਅਦਿਤੀ ਮੋਦੀ ਪਤਨੀ ਮਨੀਸ਼ ਮੋਦੀ, ਸਾਰੇ ਵਾਸੀ ਡੀ-5, ਅੰਸਲ ਵਿਲਾ, ਛਤਰਪੁਰ, ਸਤਬਾੜੀ, ਸਾਊਥ ਦਿੱਲੀ-110074 ਰਾਹੀਂ।	2500 ਵਰਗ ਗਜ਼ ਦੀ ਪੈਮਾਇਸ਼ ਵਾਲੀ ਫੈਕਟਰੀ ਜ਼ਮੀਨ ਤੇ ਇਮਾਰਤ ਦੀ ਇਕਵੀਟੇਬਲ ਮਾਰਟਗੇਜ, ਜੋ ਲੀਜ਼ ਡੀਡ ਵਸੀਕਾ ਨੰ. 12859 ਮਿਤੀ 08.09.1998 ਦੇ ਆਧਾਰ 'ਤੇ 99 ਸਾਲ ਦੇ ਲੀਜ਼ ਹੋਲਡ ਅਧਿਕਾਰਾਂ ਨਾਲ ਡੀ-230, ਫੇਜ਼-VII, ਫੋਕਲ ਪੁਆਇੰਟ, ਲੁਧਿਆਣਾ ਵਿਖੇ ਮੈਸਰਜ਼ ਵੈਲਡ ਐਕਸੈੱਲ ਇੰਡੀਆ ਲਿਮਟਿਡ ਦੇ ਨਾਂ 'ਤੇ ਮੌਜੂਦ ਹੈ।	25.11.2024	4,69,83,543.56 ਰੁਪਏ 20.09.2024 ਨੂੰ 01.09.2024 ਤੋਂ ਅਗਲੇ ਵਿਆਜ ਤੇ ਹੋਰ ਚਾਰਜਿਜ਼ ਸਮੇਤ।	30.01.2026	ਦਸਤੀ ਕਬਜ਼ਾ	ਰੁ. 4,05,00,000/-	ਰੁ. 40,50,000/-	ਰੁ. 4,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
2.	PUNB45400010345	ਨਿਖਿਲ ਕੁਮਾਰ	96461 - 51967	ਕਰਜ਼ਦਾਰ: ਮੈਸਰਜ਼ ਸ੍ਰੀ ਬਾਲਾ ਜੀ ਕਲੋਦਿੰਗ ਕੰਪਨੀ, ਪਲਾਟ ਨੰਬਰ 27, ਜੈਸਵਾਲ ਕੰਪਲੈਕਸ, ਕਾਕਾ ਵਿਲੇਜ ਰੋਡ, ਸੈਂਟਰਲ ਜੇਲ ਦੇ ਸਾਹਮਣੇ, ਤਾਜਪੁਰ ਰੋਡ, ਲੁਧਿਆਣਾ-141007, ਇਸ ਦੇ ਕਰਜ਼ਦਾਰ/ਮਾਲਕ/ਮਾਰਟਗੇਜਰ : ਰਾਜੀਵ ਕੁਮਾਰ ਪੁੱਤਰ ਸਵਰਗੀ ਆਨੰਦ ਕੁਮਾਰ, ਮਕਾਨ ਨੰਬਰ 1570, ਸੈਕਟਰ 39, ਜੀ ਆਰ ਡੀ ਵੈੱਲਫੇਅਰ ਸੋਸਾਇਟੀ, ਚੰਡੀਗੜ੍ਹ ਰੋਡ, ਲੁਧਿਆਣਾ ਰਾਹੀਂ।	291.22 ਵਰਗ ਗਜ਼ ਦੀ ਪੈਮਾਇਸ਼ ਵਾਲੀ ਫੈਕਟਰੀ ਜ਼ਮੀਨ ਤੇ ਇਮਾਰਤ ਦਾ ਸਾਰਾ ਹਿੱਸਾ, ਜੋ ਪਲਾਟ ਨੰ. 27 ਤੇ 28, ਜੈਸਵਾਲ ਕੰਪਲੈਕਸ, ਜਮਾਲਪੁਰ ਅਵਾਨਾ, ਆਬਾਦੀ ਪ੍ਰੀਤ ਨਗਰ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ। ਇਸ ਦਾ ਵੇਰਵਾ ਇੰਝ ਹੈ- ਆਈ. ਪੀ. ਪੈਮਾਇਸ਼ 62 ਵਰਗ ਗਜ਼, ਖਸਰਾ ਨੰ. 18//7, 17, ਖਾਤਾ ਨੰ. 416/421, 419/424, ਜੋ ਸੇਲ ਡੀਡ ਵਸੀਕਾ ਨੰ. 18100 ਮਿਤੀ 25.01.2016 ਰਾਹੀਂ ਸਾਲ 2011-12 ਵਾਕਿਆ ਜਮਾਲਪੁਰ ਅਵਾਨਾ, ਹੱਦਬਸਤ ਨੰ. 177, ਤਹਿਸੀਲ ਤੇ ਜ਼ਿਲਾ ਲੁਧਿਆਣਾ ਲਈ ਜਮ੍ਹਾਬੰਦੀ ਅਨੁਸਾਰ ਹੈ ਅਤੇ ਆਈ. ਪੀ. ਪੈਮਾਇਸ਼ 105 ਵਰਗ ਗਜ਼, ਖਸਰਾ ਨੰ. 18//7, 17, ਖਾਤਾ ਨੰ. 382/388, 385/391, ਸਫਾ ਨੰ. 293, 294, ਜੋ ਸੇਲ ਡੀਡ ਵਸੀਕਾ ਨੰ. 15726 ਮਿਤੀ 18.02.2015 ਰਾਹੀਂ ਸਾਲ 2006-07 ਵਾਕਿਆ ਜਮਾਲਪੁਰ ਅਵਾਨਾ, ਹੱਦਬਸਤ ਨੰ. 177, ਤਹਿਸੀਲ ਤੇ ਜ਼ਿਲਾ ਲੁਧਿਆਣਾ ਲਈ ਜਮ੍ਹਾਬੰਦੀ ਅਨੁਸਾਰ ਹੈ ਅਤੇ ਆਈ. ਪੀ. ਪੈਮਾਇਸ਼ 124.22 ਵਰਗ ਗਜ਼, ਖਸਰਾ ਨੰ. 18//7, 17, ਖਾਤਾ ਨੰ. 382/388, ਸਫਾ ਨੰ. 293, ਜੋ ਸੇਲ ਡੀਡ ਵਸੀਕਾ ਨੰ. 4130 ਮਿਤੀ 26.06.2014 ਰਾਹੀਂ ਸਾਲ 2006-07 ਵਾਕਿਆ ਜਮਾਲਪੁਰ ਅਵਾਨਾ, ਹੱਦਬਸਤ ਨੰ. 177, ਤਹਿਸੀਲ ਤੇ ਜ਼ਿਲਾ ਲੁਧਿਆਣਾ ਲਈ ਜਮ੍ਹਾਬੰਦੀ ਅਨੁਸਾਰ ਹੈ। ਇਹ ਸਾਰੀਆਂ ਜਾਇਦਾਦਾਂ ਰਾਜੀਵ ਕੁਮਾਰ ਪੁੱਤਰ ਆਨੰਦ ਕੁਮਾਰ ਦੇ ਨਾਂ 'ਤੇ ਸਬ-ਰਜਿਸਟ੍ਰਾਰ ਲੁਧਿਆਣਾ (ਈਸਟ) ਕੋਲ ਰਜਿਸਟਰਡ ਹਨ।	30.04.2021	92,25,054.54 ਰੁਪਏ 31.03.2021 ਨੂੰ 31.03.2021 ਤਕ ਲੱਗੇ ਵਿਆਜ ਸਮੇਤ ਅਤੇ 01.04.2021 ਤੋਂ ਅਗਲਾ ਵਿਆਜ ਤੇ ਹੋਰ ਚਾਰਜਿਜ਼।	30.04.2022	ਸੰਕੇਤਕ ਕਬਜ਼ਾ	ਰੁ. 43,60,000/-	ਰੁ. 4,36,000/-	ਰੁ. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
3.	PUNB454000103511	ਪ੍ਰਸ਼ਾਂਤ ਸ਼ਰਮਾ	77175 - 76905	1. ਸੰਦੀਪ ਸਿੰਘ ਪੁੱਤਰ ਜਾਗਰ ਸਿੰਘ ਵਾਸੀ ਗਲੀ ਨੰ. 42 ਪ੍ਰੀਤ ਨਗਰ, ਨਿਊ ਸ਼ਿਮਲਾਪੁਰੀ, ਲੁਧਿਆਣਾ-141003, 2. ਕਮਲਜੀਤ ਕੌਰ ਪੁੱਤਰੀ ਜਾਗਰ ਸਿੰਘ (ਸਹਿ-ਕਰਜ਼ਦਾਰ/ਮਾਰਟਗੇਜਰ) ਵਾਸੀ ਗਲੀ ਨੰ. 42, ਪ੍ਰੀਤ ਨਗਰ, ਨਿਊ ਸ਼ਿਮਲਾਪੁਰੀ, ਲੁਧਿਆਣਾ-141003.	ਰਿਹਾਇਸ਼ੀ ਜਾਇਦਾਦ ਦੀ ਇਕਵੀਟੇਬਲ ਮਾਰਟਗੇਜ, ਜਿਸ ਦੀ ਪੈਮਾਇਸ਼ 80 ਵਰਗ ਗਜ਼ ਖਸਰਾ ਨੰ. 932, 933, ਖਾਤਾ ਨੰ. 120/169 ਹੈ। ਜਮ੍ਹਾਬੰਦੀ ਸਾਲ 2010-11 ਦੇ ਅਨੁਸਾਰ ਇਹ ਜਾਇਦਾਦ ਪਿੰਡ ਗਿੱਲ-1, ਐੱਚ. ਬੀ. ਨੰ. 263 ਆਬਾਦੀ ਪ੍ਰੀਤ ਨਗਰ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਵਸੀਕਾ ਨੰ. 6685 ਮਿਤੀ 15.12.2014 ਰਾਹੀਂ ਕਮਲਜੀਤ ਕੌਰ ਪਤਨੀ ਜਾਗਰ ਸਿੰਘ ਦੀ ਮਲਕੀਅਤ ਹੈ। ਹੱਦਬੰਦੀ-ਪੂਰਬ : ਪੁਸ਼ਪਾ ਰਾਣੀ 17'-00", ਪੱਛਮ : ਗਲੀ 17'-00", ਉੱਤਰ : ਗੁਆਂਢ 42'-06", ਦੱਖਣ : ਗੁਆਂਢ 42'-06".	20.09.2016	16,78,000 ਰੁਪਏ ਮਿਤੀ 31.08.2016 ਨੂੰ 31.08.2016 ਤੋਂ ਭਵਿੱਖੀ ਵਿਆਜ ਸਮੇਤ ਅਤੇ ਹੋਰ ਖਰਚੇ।	05.04.2018	ਦਸਤੀ ਕਬਜ਼ਾ	ਰੁ. 10,75,000/-	ਰੁ. 1,07,500/-	ਰੁ. 20,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
4.	PUNB45400010563	ਰਾਜ ਕੁਮਾਰ ਨੇਗੀ	82196 66648	ਵਿਪਨ ਪੁੱਤਰ ਦੇਵ ਰਾਜ (ਕਰਜ਼ਦਾਰ), ਪਤਾ-1 : ਮਕਾਨ ਨੰਬਰ 1276/2/507/7, ਬਲਾਕ-31, ਬੰਦਾ ਬਹਾਦਰ ਕਾਲੋਨੀ, ਨੇੜੇ ਚੰਦਰ ਲੋਕ ਕਾਲੋਨੀ, ਲੁਧਿਆਣਾ-141008, ਪਤਾ-2 : ਮਕਾਨ ਨੰਬਰ 97, ਘਾਟੀ ਵਾਲਮੀਕਿ, ਲੁਧਿਆਣਾ-141008, ਅਨੀਤਾ ਰਾਣੀ ਪਤਨੀ ਦੇਵ ਰਾਜ (ਸਹਿ-ਕਰਜ਼ਦਾਰ/ਮਾਰਟਗੇਜਰ), ਪਤਾ-1 : ਮਕਾਨ ਨੰਬਰ 1276/2/507/7, ਬਲਾਕ-31, ਬੰਦਾ ਬਹਾਦਰ ਕਾਲੋਨੀ, ਨੇੜੇ ਚੰਦਰ ਲੋਕ ਕਾਲੋਨੀ, ਲੁਧਿਆਣਾ-141008, ਪਤਾ-2 : ਮਕਾਨ ਨੰਬਰ 97, ਘਾਟੀ ਵਾਲਮੀਕਿ, ਲੁਧਿਆਣਾ-141008.	ਅਚੱਲ ਜਾਇਦਾਦ/ਮਕਾਨ ਨੰ. b-XXXI-1276/2/507/7, ਜੋ ਪਿੰਡ ਗੇਹਲੇਵਾਲ, ਆਬਾਦੀ ਚੰਦਰ ਲੋਕ ਕਾਲੋਨੀ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ। ਇਸ ਦੀ ਪੈਮਾਇਸ਼ 100 ਵਰਗ ਗਜ਼, ਖਸਰਾ ਨੰ. 388, 389, 390, 391, 392, 372, ਖੇਵਟ ਨੰ. 778 ਤੋਂ 783-788, ਖਤੌਨੀ ਨੰ. 879 ਤੋਂ 883-889 ਤੋਂ 392 ਹੈ। ਸਾਲ 2008-09 ਹੱਦਬਸਤ ਨੰ. 166 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਵਸੀਕਾ ਨੰ. 17619 ਮਿਤੀ 24.03.2015 ਰਾਹੀਂ ਸਬ-ਰਜਿਸਟ੍ਰਾਰ ਲੁਧਿਆਣਾ (ਈਸਟ) ਕੋਲ ਅਨੀਤਾ ਰਾਣੀ ਪਤਨੀ ਦੇਵ ਰਾਜ ਦੇ ਨਾਂ 'ਤੇ ਰਜਿਸਟਰਡ ਹੈ। ਹੱਦਬੰਦੀ-ਪੂਰਬ : ਜੀਵਨ ਰਾਣੀ-55'-0", ਪੱਛਮ : ਮੁਖਤਿਆਰ ਸਿੰਘ-51'3", ਉੱਤਰ : ਗਲੀ-12.65'-0", ਦੱਖਣ : ਗੁਆਂਢ-22.95'-0"।	08.06.2023	22,13,582.91 ਰੁਪਏ 18.09.2019 ਤਕ ਲੱਗੇ ਵਿਆਜ ਸਮੇਤ ਅਤੇ 19.09.2019 ਤੋਂ ਅਗਲਾ ਵਿਆਜ ਜਮ੍ਹਾ ਚਾਰਜਿਜ਼ ਮਨਫੀ ਵਸੂਲੀ (ਜੇ ਕੋਈ ਹੋਵੇ)।	20.08.2024	ਦਸਤੀ ਕਬਜ਼ਾ	ਰੁ. 11,00,000/-	ਰੁ. 1,10,000/-	ਰੁ. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
5.	PUNB45400010332	ਰੋਹਿਤ ਕੁਮਾਰ	82888 - 15180	(1) ਮੈਸਰਜ਼ ਸਾਰੰਗ ਇੰਟਰਨੈਸ਼ਨਲ (ਪਾਰਟਨਰਜ਼ ਰੋਹਿਤ ਮਲਹੋਤਰਾ ਤੇ ਨਵੀਨ ਮਲਹੋਤਰਾ ਰਾਹੀਂ), ਕਪਿਲ ਪਾਰਕ, ਵਾਈ-ਬਲਾਕ ਚੌਕ, ਸਾਹਮਣੇ ਰਿਸ਼ੀ ਨਗਰ, ਹੰਬੜਾਂ ਰੋਡ, ਲੁਧਿਆਣਾ-141001, (2) ਨਵੀਨ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ (ਪਾਰਟਨਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141001, (3) ਰੋਹਿਤ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ (ਪਾਰਟਨਰ/ਮਾਰਟਗੇਜਰ/ਗਾਰੰਟਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141008, (4) ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ (ਮਾਰਟਗੇਜਰ/ਗਾਰੰਟਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141008.	(1) 115 ਵਰਗ ਗਜ਼ ਦੀ ਪੈਮਾਇਸ਼ ਅਤੇ ਐੱਮ. ਸੀ. ਨੰ. ਬੀ-1-1446/10/2ਏ, ਖਸਰਾ ਨੰ. 7//13/1, 7//8/2, ਖਾਤਾ ਨੰ. 222/232, 223/233 ਵਾਲੀ ਜਾਇਦਾਦ ਦਾ ਸਾਰਾ ਹਿੱਸਾ। ਸਾਲ 2009-2010 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਹੈਬੋਵਾਲ ਖੁਰਦ, ਐੱਚ. ਬੀ. ਨੰ. 158, ਆਬਾਦੀ ਕਪਿਲ ਪਾਰਕ, ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 77 ਮਿਤੀ 05.04.2011 ਰਾਹੀਂ ਰੋਹਿਤ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ ਨਾਲ ਸਬੰਧਤ ਹੈ (230 ਵਰਗ ਗਜ਼ ਦੇ ਕੁਲ ਰਕਬੇ 'ਚੋਂ 115 ਵਰਗ ਗਜ਼ ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ ਨੂੰ ਵਸੀਕਾ ਨੰ. 1903 ਮਿਤੀ 29.05.2014 ਰਾਹੀਂ ਵੇਚਿਆ ਗਿਆ ਹੈ, ਜੋ ਸਬ-ਰਜਿਸਟ੍ਰਾਰ, ਵੈਸਟ ਲੁਧਿਆਣਾ ਦੇ ਦਫਤਰ 'ਚ ਰਜਿਸਟਰਡ ਹੈ)। (2) 115 ਵਰਗ ਗਜ਼ ਦੀ ਪੈਮਾਇਸ਼ ਅਤੇ ਐੱਮ. ਸੀ. ਨੰ. ਬੀ-1-1446/10/2ਏ, ਖਸਰਾ ਨੰ. 222/232, 223/233 ਵਾਲੀ ਜਾਇਦਾਦ। ਸਾਲ 2009-2010 ਲਈ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਹੈਬੋਵਾਲ ਖੁਰਦ, ਐੱਚ. ਬੀ. ਨੰ. 158, ਆਬਾਦੀ ਕਪਿਲ ਪਾਰਕ, ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 1903 ਮਿਤੀ 29.05.2014 ਰਾਹੀਂ ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ ਨਾਲ ਸਬੰਧਤ ਹੈ। 230 ਵਰਗ ਗਜ਼ ਦੀ ਕੁਲ ਪੈਮਾਇਸ਼ ਵਾਲੀ ਜਾਇਦਾਦ ਦੀ ਹੱਦਬੰਦੀ-ਪੂਰਬ : ਗਲੀ 16'-06" ਚੌੜੀ-ਪੈਮਾਇਸ਼ 36'-0", ਪੱਛਮ : ਡਾ. ਪੱਬੀ ਪੈਮਾਇਸ਼ 36'-0", ਉੱਤਰ : ਓਮ ਪ੍ਰਕਾਸ਼ ਪੈਮਾਇਸ਼ 57'-6", ਦੱਖਣ : ਗੁਆਂਢ ਪੈਮਾਇਸ਼ 57'-6"।	15.01.2020	2,64,49,997 ਰੁਪਏ ਮਿਤੀ 30.12.2019 ਤਕ ਚਾਰਜ ਹੋਏ ਵਿਆਜ ਸਮੇਤ ਜਮ੍ਹਾ 01.12.2019 ਤੋਂ ਅਗਲਾ ਵਿਆਜ ਮਨਫੀ ਵਸੂਲੀ (ਜੇ ਕੋਈ ਹੋਵੇ) ਮੁਕੰਮਲ ਭੁਗਤਾਨ ਨਾ ਹੋਣ ਤਕ।	15.09.2020	ਦਸਤੀ ਕਬਜ਼ਾ	ਰੁ. 85,50,000/-	ਰੁ. 8,55,000/-	ਰੁ. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
6.	PUNB454000103504	ਰੋਹਿਤ ਕੁਮਾਰ	82888 - 15180	ਮੈਸਰਜ਼ ਅਨੁਰਾਗ ਟੈਕਸਟਾਈਲ ਆਪਣੇ ਮਾਲਕ ਅਜੈ ਕੁਮਾਰ ਪੁੱਤਰ ਰਾਮ ਗੋਪਾਲ ਰਾਹੀਂ। ਪਤਾ 1. B-XXIV4131/5/2 ਗਲੀ ਨੰ. 44/1/2, ਗਊਸ਼ਾਲਾ ਰੋਡ, ਨਿਊ ਮਾਧੋਪੁਰੀ, ਲੁਧਿਆਣਾ-141008, ਪਤਾ 2. ਮਕਾਨ ਨੰ. 5522, ਰਘੁਬੀਰ ਪਾਰਕ, ਹੈਬੋਵਾਲ ਕਲਾਂ, ਲੁਧਿਆਣਾ-141001., ਗਾਰੰਟਰ : 1) ਸਮੀਰ ਗੁਪਤਾ ਪੁੱਤਰ ਰਾਮ ਗੋਪਾਲ, 2) ਰਾਮ ਗੋਪਾਲ ਪੁੱਤਰ ਗੱਜਰ ਮੱਲ, ਦੋਵੇਂ ਵਾਸੀ ਮਕਾਨ ਨੰ. 5522, ਰਘੁਬੀਰ ਪਾਰਕ, ਹੈਬੋਵਾਲ ਕਲਾਂ, ਲੁਧਿਆਣਾ-141001.	ਜਾਇਦਾਦ ਪਲਾਟ ਜਿਸ ਦਾ ਰਕਬਾ 133.33 ਵਰਗ ਗਜ਼ ਹੈ, ਦੀ ਇਕਵੀਟੇਬਲ ਮਾਰਟਗੇਜ। ਇਸ ਦਾ ਖਸਰਾ ਨੰਬਰ 28//1, ਖਾਤਾ ਨੰਬਰ 1695/1903, ਪੰਨਾ ਨੰਬਰ 1049 ਸਾਲ 2006-2007 ਦੀ ਜਮ੍ਹਾਬੰਦੀ ਅਨੁਸਾਰ ਹੈਬੋਵਾਲ ਕਲਾਂ ਵਿਖੇ ਹੈ। ਇਸ ਦਾ ਹੱਦਬਸਤ ਨੰਬਰ 102 ਹੈ, ਦੁਰਗਾਪੁਰੀ ਵਜੋਂ ਜਾਣਿਆ ਜਾਂਦਾ ਇਲਾਕਾ ਹੈ। ਇਸ ਦਾ ਗਲੀ ਨੰਬਰ 12 ਹੈ। ਇਹ ਜਾਇਦਾਦ ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ, ਜੋ ਕਿ ਇੰਦਰਾ ਗੁਪਤਾ (ਮ੍ਰਿਤਕ) ਦੇ ਨਾਂ 'ਤੇ ਉਸ ਦੇ ਕਾਨੂੰਨੀ ਵਾਰਸਾਂ ਦੁਆਰਾ ਇੰਤਕਾਲ ਰਾਹੀਂ ਵਿਰਾਸਤ ਵਿਚ ਪ੍ਰਾਪਤ ਕੀਤੀ ਗਈ ਹੈ। ਡੀਡ ਨੰਬਰ 11212, ਮਿਤੀ 14.10.2011 ਦੁਆਰਾ ਸਬ ਰਜਿਸਟਰਾਰ ਲੁਧਿਆਣਾ ਕੋਲ ਰਜਿਸਟਰਡ ਹੈ। ਇਹ ਹੇਠ ਲਿਖੇ ਅਨੁਸਾਰ ਘਿਰੀ ਹੋਈ ਹੈ : ਪੂਰਬ : ਪਲਾਟ ਸਾਈਡ 40", ਪੱਛਮ : ਗਲੀ 19 ਫੁੱਟ ਚੌੜੀ ਸਾਈਡ 40", ਉੱਤਰ : ਗਲੀ 19 ਫੁੱਟ ਚੌੜੀ ਸਾਈਡ30", ਦੱਖਣ : ਗੁਆਂਢ ਸਾਈਡ 30"।	23.02.2023	20.02.2023 ਨੂੰ 32,84,155.94 ਰੁਪਏ, ਜਮ੍ਹਾ 21.02.2023 ਤੋਂ ਭਵਿੱਖ ਦਾ ਵਿਆਜ ਤੇ ਹੋਰ ਖਰਚੇ।	17.07.2023	ਸੰਕੇਤਕ ਕਬਜ਼ਾ	ਰੁ. 31,11,000/-	ਰੁ. 3,11,100/-	ਰੁ. 1,00,000/-	ਨੋਟ : (1) ਇਕ ਸਿਵਲ ਮੁਕੱਦਮਾ ਸੀ. ਐੱਸ 2330/2020 'ਕੁਲਦੀਪ ਰਾਏ ਬਨਾਮ ਰਾਮ ਗੋਪਾਲ ਅਤੇ ਹੋਰ' 5.03.2026 ਲਈ ਮਾਣਯੋਗ ਸਿਵਲ ਜੱਜ (ਜੂਨੀਅਰ ਡਵੀਜ਼ਨ) ਲੁਧਿਆਣਾ ਦੇ ਸਾਹਮਣੇ ਵਿਚਾਰ ਅਧੀਨ ਹੈ।

ਨਿਯਮ ਤੇ ਸ਼ਰਤਾਂ : 1. ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਨਿਯਮ 2002 'ਚ ਦਰਸਾਈਆਂ ਗਈਆਂ ਸ਼ਰਤਾਂ ਅਤੇ ਨਿਯਮਾਂ ਮੁਤਾਬਕ ਹੋਵੇਗੀ। ਨਾਲ ਹੀ ਇਨ੍ਹਾਂ ਸ਼ਰਤਾਂ ਮੁਤਾਬਕ ਵੀ ਹੋਵੇਗੀ। 2. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿਥੇ ਹੈ', 'ਜੋ ਹੈ ਜਿਥੇ ਹੈ' ਅਤੇ 'ਜੋ ਹੈ ਜਿਥੇ ਹੈ' ਦੇ ਆਧਾਰ 'ਤੇ ਹੋਵੇਗੀ। 3. ਸਕਿਓਰਡ ਐਸੇਟਸ ਦੇ ਜੋ ਵੇਰਵੇ ਉਪਰੋਕਤ ਸ਼ਡਿਊਲ 'ਚ ਦਿੱਤੇ ਗਏ ਹਨ, ਅਧਿਕਾਰਤ ਅਫਸਰੀ ਦੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਕ ਹਨ ਪਰ ਅਧਿਕਾਰਤ ਅਫਸਰ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਐਲਾਨਨਾਮੇ 'ਚ ਕੋਈ ਕੋਤਾਹੀ ਲਈ ਜਵਾਬਦੇਹ ਨਹੀਂ ਹੋਵੇਗਾ। 4. ਨਿਮਨਹਸਤਾਖਰੀ ਵਲੋਂ ਵਿਕਰੀ ਵੈੱਬਸਾਈਟ https://BAANKNET.com 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 28.04.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਤੁਕ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://BAANKNET.com ਦਾ ਹਵਾਲਾ ਲਵੋ। 5. ਰਾਖਵੀਂ ਕੀਮਤ ਤੋਂ ਉੱਪਰ ਅਤੇ ਵੱਧ, ਘੱਟੋ-ਘੱਟ ਇਕ ਬੋਲੀ ਦੀ ਰਕਮ ਲਾਜ਼ਮੀ ਹੈ। ਬਕਾਇਆ ਚਾਰਜਿਜ਼/ਬਿਜਲੀ ਦਾ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਸਹਿਣ ਕੀਤੇ ਜਾਣਗੇ।

ਸਰਫੇਸੀ ਐਕਟ 2002 ਦੇ ਰੂਲ 9(1) ਅਧੀਨ ਵਿਧਾਨਕ ਵਿਕਰੀ ਨੋਟਿਸ

ਮਿਤੀ : 06.04.2026 ਸਥਾਨ : ਲੁਧਿਆਣਾ ਅਧਿਕਾਰਤ ਅਫਸਰ -ਪੰਜਾਬ ਨੈਸ਼ਨਲ ਬੈਂਕ (ਸਕਿਓਰਡ ਕ੍ਰੈਡਿਟਰ)